This question paper consists of **34** questions and **8** printed pages.

ਇਸ ਪ੍ਰਸ਼ਨ-ਪੱਤਰ ਵਿੱਚ 34 ਪ੍ਰਸ਼ਨ ਹਨ ਅਤੇ 8 ਮੁਦਰਿਤ ਪੰਨੇ ਹਨ ।

| Roll No. ਰੋਲ ਨੰ: ਅੰਕਾਂ ਵਿਚ | | | | | | | | | | | | Code No. 36/S/A/P |
|---|---|---|---|---|---|---|---|---|---|---|---|---|

# ਪੰਜਾਬੀ

# (210)

ਪਰੀਖਿਆ ਦਾ ਦਿਨ ਅਤੇ ਮਿਤੀ ..............................................................

ਨਿਰੀਖਕਾਂ ਦੇ ਦਸਖ਼ਤ 1. ..............................................

2. ..............................................

..............................................................................................

**ਆਮ ਨਿਰਦੇਸ਼ :—**

1. ਵਿਦਿਆਰਥੀ ਨੂੰ ਪ੍ਰਸ਼ਨ ਪੱਤਰ ਦੇ ਪਹਿਲੇ ਪੰਨੇ ਤੇ ਆਪਣਾ ਨਾਮ ਅਤੇ ਰੋਲ ਨੰਬਰ ਲਿਖਣਾ ਜ਼ਰੂਰੀ ਹੈ ।
2. ਪ੍ਰਸ਼ਨ ਪੱਤਰ ਦੇ ਸਾਰੇ ਪੰਨਿਆਂ ਨੂੰ ਦੇਖਣਾ ਅਤੇ ਜਾਂਚਣਾ ਜ਼ਰੂਰੀ ਹੈ ਅਤੇ ਪ੍ਰਸ਼ਨ ਪੱਤਰ ਵਿੱਚ ਪ੍ਰਸ਼ਨਾਂ ਦੀ ਗਿਣਤੀ ਉੱਤਰ ਪੁਸਤਕ ਦੇ ਉਪਰ ਪਹਿਲੇ ਪੰਨੇ ਤੇ ਛੱਪੇ ਨੰਬਰਾਂ ਨਾਲ ਮਿਲਦੇ ਹੋਣੇ ਚਾਹੀਦੀ ਹਨ । ਇਹ ਵੀ ਦੇਖਿਆ ਜਾਵੇ ਕਿ ਪ੍ਰਸ਼ਨ ਪੱਤਰ ਵਿੱਚ ਪ੍ਰਸ਼ਨ ਕਰਨਾ (ਸੀਰਿਅਲ) ਅਨੁਸਾਰ ਹੋਵੇ ।
3. ਅਬਜੈਕਟਿਵ ਟਾਇਪ ਪ੍ਰਸ਼ਨਾਂ ਜਿਹੜੇ ਕਿ (A), (B), (C), (D) ਹਨ ਵਿਚੋਂ ਇਕ ਠੀਕ ਨੂੰ ਚੁੰਨਣਾ ਹੈ ਅਤੇ ਠੀਕ ਉੱਤਰ ਨੂੰ ਉੱਤਰ ਪੁਸਤਕ ਵਿੱਚ ਲਿਖਿਆ ਜਾਵੇ ।
4. ਸਾਰੇ ਪ੍ਰਸ਼ਨ ਪੱਤਰ ਜਿਹਨਾਂ ਵਿਚ ਅਬਜੈਕਟਿਵ ਟਾਇਪ ਪ੍ਰਸ਼ਨ ਵੀ ਹਨ ਇਕ ਸਮੇਂ ਅਨੁਸਾਰ ਹੀ ਕਰਨੇ ਹਨ ਕਿਉਂਕਿ ਹੋਰ ਅਲੱਗ ਸਮਾਂ ਨਹੀਂ ਦਿਤਾ ਜਾਵੇਗਾ ।
5. ਕੋਈ ਵੀ ਨਿਸ਼ਾਨ ਜਾਂ ਰੋਲ ਨੰਬਰ ਉੱਤਰ ਪੁਸਤਕ ਦੇ ਕਿਸੇ ਵੀ ਜਗਾਂ ਤੇ ਨਹੀਂ ਹੋਣਾ ਚਾਹੀਦਾ, ਨਹੀਂ ਤੇ ਵਿਦਿਆਰਥੀ ਨੂੰ ਪ੍ਰੀਖਿਆ ਤੋਂ ਬਾਹਰ ਕਰ ਦਿੱਤਾ ਜਾਵੇਗਾ ।
6. ਉੱਤਰ ਪੁਸਤਕ ਤੇ ਪ੍ਰਸ਼ਨ ਪੁਸਤਕ ਦਾ ਨੰਬਰ 36/S/A/P ਜ਼ਰੂਰ ਲਿਖੋ ।

P.T.O.

# ਪੰਜਾਬੀ
# (210)

Time : 3 Hours

ਸਮਾਂ : 3 ਘੰਟੇ

Maximum Marks : 100

ਕੁੱਲ ਅੰਕ : 100

ਨੋਟ :—(*i*) ਸਾਰੇ ਪ੍ਰਸ਼ਨਾਂ ਦੇ ਉੱਤਰ ਜ਼ਰੂਰੀ ਹਨ ।

(*ii*) ਸਾਰੇ ਪ੍ਰਸ਼ਨਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਹਨਾਂ ਦੇ ਉੱਤਰ ਲਿਖੋ ।

(*iii*) ਪ੍ਰਸ਼ਨ ਨੰ: 1—11 ਤੱਕ ਦੇ ਚਾਰ-ਚਾਰ ਵਿਕਲਪਿਤ ਉੱਤਰ ਦਿੱਤੇ ਹੋਏ ਹਨ, ਸਹੀ ਵਿਕਲਪ ਨੂੰ ਹੀ ਆਪਣੀ ਉੱਤਰ-ਪੁਸਤਕਾ ਵਿੱਚ ਲਿਖੋ ।

1. ਹੇਠ ਲਿਖੀ ਤੁਕ ਨੂੰ ਧਿਆਨ ਨਾਲ ਪੜ੍ਹੋ ਅਤੇ ਉਸ ਤੇ ਹੇਠਾਂ ਦਿੱਤੇ ਗਏ ਉੱਤਰਾਂ ਵਿਚੋਂ ਸਹੀ ਉੱਤਰ ਛਾਂਟ ਕੇ ਆਪਣੀ ਉੱਤਰ ਪੁਸਤਕਾ ਵਿੱਚ ਲਿਖੋ :

'ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ ॥
ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਣ ਕੀ ਆਸ' ॥

ਇਸ ਸ਼ਲੋਕ ਵਿੱਚ ਫਰੀਦ ਜੀ ਕਾਂ ਨੂੰ ਕੀ ਕਹਿ ਰਹੇ ਹਨ ?

(A) ਮਾਂਸ ਖਾਣ ਲਈ ਸਾਰੇ ਪਿੰਜਰ ਨੂੰ ਕੁਰੇਦਣ ਲਈ ।

(B) ਉਸ ਦਾ ਸਾਰਾ ਮਾਂਸ ਖਾਣ ਲਈ ਨਾਰਾਜ਼ ਹੁੰਦੇ ਹਨ ।

(C) ਦੋਨਾਂ ਅੱਖਾਂ ਨੂੰ ਨਾ ਛੂਹਣ ਲਈ ਕਹਿ ਰਹੇ ਹਨ ।

(D) ਪ੍ਰਭੂ ਨੂੰ ਮਿਲਣ ਦੀ ਆਸ ਰਖਦੇ ਹਨ । 1

2. ਭਾਈ ਵੀਰ ਸਿੰਘ ਜੀ ਦੀ ਕਵਿਤਾ 'ਇਲਮ ਅਮਲ' 'ਸ਼ੂਠ ਸ਼ੂਠ ਕਰ ਉਸ ਉਲਟਾਇਆ ਖਾਲੀ ਸਾਰਾ ਕਰਿਆ ।'

ਇਸ ਪੰਗਤੀ ਵਿੱਚ ਸ਼ੂਠ ਸ਼ੂਠ ਕੌਣ ਕਹਿ ਰਿਹਾ ਹੈ ?

(A) ਕਵੀ ਦਾ ਦੋਸਤ ਕਹਿ ਰਿਹਾ ਹੈ ।

(B) ਕਵੀ ਦਾ ਗੁਆਂਢੀ ਕਹਿ ਰਿਹਾ ਹੈ ।

(C) ਕਵੀ ਦਾ ਗੁਰੂ ਕਹਿ ਰਿਹਾ ਹੈ ।

(D) ਕਵੀ ਨੌਕਰ ਨੂੰ ਕਹਿ ਰਿਹਾ ਹੈ । 1

3. 'ਪ੍ਰਭੂ ਜੀ ਬਾਰ ਬਾਰ ਅਵਤਰੇ
ਹਰਨਾਖ਼ਸ਼ ਨਹੀਂ ਮਰੇ ।'

ਇਸ ਪੰਗਤੀ ਅਨੁਸਾਰ ਕਵੀ ਦਾ ਸੰਕੇਤ ਹੈ :

(A) ਹਰਨਾਖ਼ਸ਼ ਅਜੇ ਜ਼ਿੰਦਾ ਹੈ ।

(B) ਹਰਨਾਖ਼ਸ਼ ਨੂੰ ਪ੍ਰਭੂ ਨੇ ਮਾਰ ਦਿੱਤਾ ਸੀ ?

(C) ਹਰਨਾਖ਼ਸ਼ ਬਿਰਤੀ ਹਰ ਯੁਗ ਵਿੱਚ ਕਾਇਮ ਰਹਿੰਦੀ ਹੈ ।

(D) ਪ੍ਰਹਿਲਾਦ ਹਰਨਾਖ਼ਸ਼ ਨੂੰ ਮਾਰਦਾ ਹੈ । 1

4. 'ਜੈਸੀ ਮੈ ਆਵੈ ਖਸਮ ਕੀ ਬਾਣੀ' ਤੁਕ ਵਿੱਚ ਖਸਮ ਦੀ ਬਾਣੀ ਕਿਸ ਨੂੰ ਆਉਂਦੀ ਹੈ ?

(A) ਗੁਰੂ ਅਰਜਨ ਦੇਵ ਜੀ ਨੂੰ । (B) ਭਾਈ ਗੁਰਦਾਸ ਜੀ ਨੂੰ ।

(C) ਗੁਰੂ ਤੇਗ ਬਹਾਦਰ ਜੀ ਨੂੰ । (D) ਗੁਰੂ ਨਾਨਕ ਦੇਵ ਜੀ ਨੂੰ । 1

5. 'ਸਿਆਣਪ ਦਾ ਦੌਰਾ' ਪਾਠ ਦੇ ਅਧਾਰ ਤੇ ਦੱਸੋ ਕਿ ਭਾਰਤ ਦੇ ਸਿਆਣੇ ਕਰਾਉਣ ਵਾਲੇ ਲੋਕ ਇੰਗਲੈਂਡ ਜਾਂ ਅਮਰੀਕਾ ਚਲੇ ਜਾਂਦੇ ਹਨ ਕਿਉਂਕਿ :

(A) ਉੱਥੋਂ ਦੀ ਸਰਕਾਰ ਉਹਨਾਂ ਨੂੰ ਬੁਲਾ ਲੈਂਦੀ ਹੈ ।

(B) ਭਾਰਤ ਦੀ ਸਰਕਾਰ ਉਹਨਾਂ ਨੂੰ ਭੇਜ ਦਿੰਦੀ ਹੈ ।

(C) ਉੱਥੇ ਚੀਜ਼ਾਂ ਸਸਤੀਆਂ ਹਨ ।

(D) ਉੱਥੇ ਤਨਖ਼ਾਹ ਬਹੁਤ ਮਿਲਦੀ ਹੈ । 1

6. 'ਖ਼ੁਸ਼ੀ' ਕਹਾਣੀ ਦੇ ਪਾਤਰ ਪਿਤਾ ਜੀ ਨੂੰ ਪਾਕਿਸਤਾਨੋ ਆਉਣ ਸਮੇਂ ਸਭ ਤੋਂ ਵੱਡਾ ਦੁੱਖ ਕੀ ਹੋਇਆ ਸੀ ?

(A) ਆਪਣਾ ਮਕਾਨ ਛੱਡ ਕੇ ਆਉਣਾ ਪਿਆ ।

(B) ਆਪਣੇ ਖੇਤ ਛੱਡ ਕੇ ਆਉਣੇ ਪਏ ।

(C) ਚੰਗੀ ਨਸਲ ਦੀਆਂ ਮੱਝਾਂ ਛੱਡ ਕੇ ਆਉਣਾ ਪਿਆ ।

(D) ਘਰ ਦਾ ਸਾਰਾ ਸਾਮਾਨ ਛੱਡ ਕੇ ਆਉਣਾ ਪਿਆ । 1

7. 'ਸੱਭਿਆਚਾਰ ਅਤੇ ਪੰਜਾਬੀ ਸੱਭਿਆਚਾਰ' ਲੇਖ ਦੇ ਹਵਾਲੇ ਅਨੁਸਾਰ ਗੁਰਮੁਖ ਹੁੰਦਾ ਹੈ :

(A) ਜਿਹੜਾ ਗੁਰਦੁਆਰੇ ਜਾਂਦਾ ਹੈ ।

(B) ਜਿਹੜਾ ਹਰ ਰੋਜ਼ ਪਾਠ ਕਰਦਾ ਹੈ ।

(C) ਜਿਹੜਾ ਦੂਜਿਆਂ ਦੇ ਗੁਣਾਂ ਦੀ ਪ੍ਰਸੰਸਾ ਅਤੇ ਆਪਣੇ ਔਗੁਣਾਂ ਦੀ ਆਲੋਚਨਾ ਕਰਦਾ ਹੈ ।

(D) ਜਿਸ ਨੇ ਅੰਮ੍ਰਿਤ ਪਾਨ ਕੀਤਾ ਹੋਵੇ । 1

8. ਚਮਗਿਦੜ ਦੇ ਗੂੰਜ ਯੰਤਰ ਨੂੰ ਆਧਾਰ ਬਣਾ ਕੇ ਇੱਕ ਯੰਤਰ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ।

(A) ਗੂੰਗੇ ਬਹਿਰੇ ਲਈ ਗੂੰਜ-ਯੰਤਰ ਬਣਾਉਣ ਦੀ ।

(B) ਨੇਤਰ-ਹੀਣ ਮਨੁੱਖਾਂ ਲਈ ਗੂੰਜ-ਯੰਤਰ ਬਣਾਉਣ ਦੀ ।

(C) ਪੰਛੀਆਂ ਦੀਆਂ ਅਵਾਜ਼ਾਂ ਸਮਝਣ ਲਈ ।

(D) ਪਸ਼ੂਆਂ ਦੀਆਂ ਅਵਾਜ਼ਾਂ ਸਮਝਣ ਲਈ । 1

9. 'ਤਾਲਿਕਾ' ਬਣਾਉਣੀ ਲੋੜੀਂਦੀ ਹੈ ਕਿਉਂ ਕਿ :

(A) ਇਹ ਸੌਖੀ ਬਣਦੀ ਹੈ ।

(B) ਇਹ ਸੁੰਦਰ ਬਣਦੀ ਹੈ ।

(C) ਸਿੱਖਣ ਲਈ ਦੇਖਣ ਸਮੱਗਰੀ ਜ਼ਿਆਦਾ ਕੰਮ ਆਉਂਦੀ ਹੈ ।

(D) ਇਹ ਫ਼ਜ਼ੂਲ ਹੈ । 1

10. 'ਵਿਸ਼ੇਸ਼ਣ ਸ਼ਬਦ ਕਿਸ ਨਾਲ ਆਉਂਦਾ ਹੈ ?

(A) ਸੰਬੰਧਕ ਨਾਲ । (B) ਨਾਂਵ ਨਾਲ ।

(C) ਕਿਰਿਆ ਨਾਲ । (D) ਕਿਸੇ ਨਾਲ ਨਹੀਂ ਆਉਂਦਾ । 1

11. 'ਆਟੇ ਵਿੱਚ ਲੂਣ ਦਾ ਅਰਥ ਹੈ :

(A) ਆਟੇ ਵਿੱਚ ਲੂਣ ਹੋਣਾ । (B) ਆਟੇ ਵਿੱਚ ਲੂਣ ਦਾ ਡੁੱਲ ਜਾਣਾ ।

(C) ਬਹੁਤ ਥੋੜ੍ਹਾ ਫਰਕ । (D) ਆਟੇ ਵਿੱਚ ਲੂਣ ਦੀ ਇੱਕ ਮੁੱਠ । 1

12. ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹੋ, ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਲਿਖੋ :

'ਮਿਹਨਤ ਹੀ ਸਫਲਤਾ ਦੀ ਕੁੰਜੀ ਹੈ । ਮਿਹਨਤ ਤੋਂ ਬਿਨਾ ਆਦਮੀ ਤਰੱਕੀ ਨਹੀਂ ਕਰ ਸਕਦਾ । ਸੁਸਤ ਆਦਮੀ ਕਦੀ ਸੁੱਖ ਨਹੀਂ ਪਾ ਸਕਦਾ । ਉਹ ਹਮੇਸ਼ਾ ਦੁਖੀ ਹੀ ਰਹਿੰਦਾ ਹੈ । ਮਿਹਨਤੀ ਆਦਮੀ ਆਪਣੀ ਕਿਸਮਤ ਆਪ ਬਣਾਉਂਦਾ ਹੈ । ਜੋ ਆਦਮੀ ਸਖ਼ਤ ਮਿਹਨਤ ਕਰੇਗਾ ਤਾਂ ਕਿਸਮਤ ਵੀ ਉਸ ਦਾ ਸਾਥ ਦੇਵੇਗੀ, ਮਿਹਨਤ ਕਰਨ ਵਾਲਾ ਸਦਾ ਖੁਸ਼ ਰਹਿੰਦਾ ਹੈ । ਜੇ ਮਿਹਨਤ ਸੱਚੇ ਇਰਾਦੇ ਨਾਲ ਕੀਤੀ ਗਈ ਹੋਵੇ ਤਾਂ ਉਹ ਜ਼ਰੂਰ ਸਫਲ ਹੁੰਦੀ ਹੈ । ਅਮਰੀਕਾ ਦਾ ਰਾਸ਼ਟਰਪਤੀ ਐਬਰਾਹਿਮ ਲਿੰਕਨ, ਲੁਹਾਰ ਦਾ ਪੁੱਤਰ ਸੱਚੀ ਮਿਹਨਤ ਸਦਕਾ ਹੀ ਅਮਰੀਕੇ ਦੇ ਰਾਸ਼ਟਰਪਤੀ ਦੇ ਅਹੁਦੇ ਤੇ ਪਹੁੰਚਿਆ । ਕਈ ਵਿਦਿਆਰਥੀ ਆਪਣੀ ਪੜ੍ਹਾਈ ਵਿੱਚ ਮਿਹਨਤ ਨਹੀਂ ਕਰਦੇ ਤੇ ਫ਼ੇਲ੍ਹ ਹੋ ਜਾਂਦੇ ਹਨ । ਫਿਰ ਵੀ ਉਹ ਆਪਣੀ ਕਿਸਮਤ ਨੂੰ ਦੋਸ਼ ਦਿੰਦੇ ਹਨ ।'

(ੳ) ਆਦਮੀ ਕਿਵੇਂ ਤਰੱਕੀ ਕਰ ਸਕਦਾ ਹੈ ?

(A) ਝੂਠ ਬੋਲਕੇ ।

(B) ਦੂਜੇ ਦਾ ਨੁਕਸਾਨ ਕਰਕੇ ।

(C) ਬਦੇਸ਼ ਜਾਕੇ ।

(D) ਮਿਹਨਤ ਕਰਕੇ । 1

(ਅ) ਮਿਹਨਤ ਕਿਨ੍ਹਾਂ ਦਾ ਸਾਥ ਦਿੰਦੀ ਹੈ ?

(A) ਜੋਤਿਸ਼ ਤੇ ਵਿਸ਼ਵਾਸ ਕਰਨ ਵਾਲਿਆਂ ਦਾ।

(B) ਸਖਤ ਮਿਹਨਤ ਕਰਨ ਵਾਲਿਆਂ ਦਾ।

(C) ਕਿਸਮਤ ਦੇ ਆਸਰੇ ਹੱਥ ਤੇ ਹੱਥ ਧਰਕੇ ਬਹਿਣ ਵਾਲਿਆਂ ਦਾ।

(D) ਧਾਗੇ ਤਵੀਤ ਕਰਵਾਉਣ ਵਾਲਿਆਂ ਦਾ। 1

(ੲ) ਸਫ਼ਲਤਾ ਦੀ ਕੁੰਜੀ ਕਿਹੜੀ ਹੈ ? 1

(ਸ) ਕਿਹੜੇ ਆਦਮੀ ਕਦੇ ਸੁਖੀ ਨਹੀਂ ਰਹਿੰਦੇ ? 1

(ਹ) ਸੁਸਤ ਸਦਾ ਦੁਖੀ ਕਿਉਂ ਰਹਿੰਦੇ ਹਨ ? 2

(ਕ) ਕਿਸਮਤ ਕਿਸ ਦਾ ਸਾਥ ਅਤੇ ਕਿਸ ਨੂੰ ਖ਼ੁਸ਼ੀ ਦਿੰਦੀ ਹੈ ? 2

(ਖ) ਕਿਸਮਤ ਨੂੰ ਕੌਣ ਕੋਸਦਾ ਹੈ ਤੇ ਕਿਉਂ ? 2

(ਗ) ਕਿਸੇ ਖ਼ੁਸ਼ਕਿਸਮਤ ਵਿਅੱਕਤੀ ਬਾਰੇ ਜਾਣਕਾਰੀ ਦਿਉ। 2

(ਘ) ਇਸ ਪੈਰੇ ਦਾ ਢੁਕਵਾਂ ਸਿਰਲੇਖ ਲਿਖੋ। 1

13. 'ਵੇਦ ਕੁਰਾਨਾ ਪੜ੍ਹ ਪੜ੍ਹ ਥੱਕੇ।
ਸਜਦੇ ਕਰਦਿਆਂ ਘਸ ਗਏ ਮੱਥੇ।
ਨਾ ਰੱਬ ਤੀਰਥ ਨਾ ਰੱਬ ਮੱਕੇ
ਜਿਨ ਪਾਇਆ ਤਿਨ ਨੂਰ ਅਨਵਾਰ
ਇਸ਼ਕ ਦੀ ਨਵੀਂਓ ਨਵੀ ਬਹਾਰ।

(ੳ) ਇਹ ਕਾਫ਼ੀ ਕਿਸ ਦੀ ਹੈ ?

(A) ਇਹ ਕਾਫ਼ੀ ਸ਼ਾਹ ਹੁਸੈਨ ਦੀ ਹੈ।

(B) ਇਹ ਕਾਫ਼ੀ ਸੁਲਤਾਨ ਬਾਹੂ ਦੀ ਹੈ।

(C) ਇਹ ਕਾਫ਼ੀ ਵਜ਼ੀਦ ਦੀ ਹੈ।

(D) ਇਹ ਕਾਫ਼ੀ ਬੁੱਲੇ ਸ਼ਾਹ ਦੀ ਹੈ। 1

(ਅ) ਕਵੀ ਨੇ ਰੱਬ ਨੂੰ ਕਿਸ ਰੂਪ ਵਿੱਚ ਪਾਇਆ ਹੈ ?

(A) ਵੇਦਾਂ, ਕੁਰਾਨਾਂ ਦੇ ਸਿਧਾਂਤਾਂ ਵਿੱਚੋਂ। (B) ਮੱਥਾ ਟੇਕਣ ਵਾਲੀਆਂ ਥਾਵਾਂ ਵਿਚੋਂ।

(C) ਕਬਰਾਂ ਤੇ ਖਾਨਗਾਹਾਂ ਵਿਚੋਂ। (D) ਰੱਬੀ ਨੂਰ ਦੇ ਰੂਪ ਵਿੱਚ। 1

(ੲ) ਪਰਮਾਤਮਾ ਦੀ ਪ੍ਰਾਪਤੀ ਲਈ ਕਵੀ ਨੇ ਕਿਸ ਕਿਸ ਤਰ੍ਹਾਂ ਦੇ ਜਤਨ ਕੀਤੇ ? 2

(ਸ) ਕਵੀ ਰੱਬ ਦਾ ਅਨੁਭਵ ਕਿਸ ਤਰ੍ਹਾਂ ਮਹਿਸੂਸ ਕਰਦਾ ਅਤੇ ਪੇਸ਼ ਕਰਦਾ ਹੈ ? 2

14. 'ਧਰਤੀ ਹੇਠਲਾ ਬਲਦ' ਕਹਾਣੀ ਵਿੱਚ 'ਬਲਦ' ਕਿਸ ਨੂੰ ਕਿਹਾ ਗਿਆ ਹੈ ? 1

15. ਨਾਨਕ ਸਿੰਘ ਦੀ ਮਾਂ ਨੇ ਪਿਸ਼ਾਵਰ ਕਿਉਂ ਨਾ ਛੱਡਣਾ ਚਾਹਿਆ ? 1

16. 'ਹੋਕਾ ਫਿਰੇ ਦੇਂਦਾ ਪਿੰਡਾਂ ਵਿੱਚ ਸਾਰੇ
ਆਓ ਕਿਸੇ ਫਕੀਰ ਜੇ 'ਹੋਵਣਾ ਜੇ ।'
ਉਪਰੋਕਤ ਪੰਗਤੀ ਵਿੱਚ ਪਿੰਡਾਂ ਵਿੱਚ ਕੌਣ ਹੋਕਾ ਦਿੰਦਾ ਫਿਰਦਾ ਸੀ ? 1

17. 'ਅਸਾਂ ਤਾਂ ਜੋਬਨ ਰੁੱਤੇ ਮਰਨਾ
ਮੁੜ ਜਾਣਾ ਅਸਾਂ ਭਰੇ ਭਰਾਏ ।'
ਕਵੀ ਜੋਬਨ ਰੁੱਤੇ ਕਿਉਂ ਮਰਨਾ ਚਾਹੁੰਦਾ ਹੈ ? 1

18. 'ਝੂਠ ਤੇ ਸੱਚ' ਲੇਖ ਦੇ ਆਧਾਰ ਉੱਤੇ ਦੱਸੋ ਕਿ ਝੂਠ ਬੋਲਣਾ ਕਦੋਂ ਉਚਿਤ ਹੁੰਦਾ ਹੈ ? 2

19. ਅਕਰਮਕ ਕਿਰਿਆਂ ਅਤੇ ਸਕਰਮਕ ਕਿਰਿਆਂ ਦਾ ਫਰਕ ਉਦਾਹਰਨ ਦੇਕੇ ਸਮਝਾਉ । 2

20. ਹੇਠ ਲਿਖੇ ਨਾਂਵ ਸ਼ਬਦਾਂ ਤੋਂ ਵਿਸ਼ੇਸ਼ਣ ਬਣਾਉ ।
ਆਲਸ, ਭਾਰਤ, ਜਿਸਮ, ਰੰਗ । 2

21. ਹੇਠ ਲਿਖੇ ਮੁਹਾਵਰਿਆਂ ਨੂੰ ਇਸ ਪ੍ਰਕਾਰ ਆਪਣੇ ਵਾਕਾਂ ਵਿੱਚ ਵਰਤੋ ਕਿ ਅਰਥ ਸਪਸ਼ਟ ਹੋ ਜਾਣ :
(*i*) ਹੱਥ ਵਟਾਉਣਾ ।
(*ii*) ਤੱਤੀ ਵਾ ਨਾ ਲਗਣਾ । 2

22. ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ :
ਸੁਸਤ, ਆਪਣਾ, ਪੋਲਾ, ਕੌੜਾ । 2

23. ਹੇਠ ਲਿਖੇ ਸ਼ਬਦਾਂ ਦ ਵਚਨ ਬਦਲੋ :
ਦੁਰਘਟਨਾ, ਸਕੂਲ, ਪੰਜਾਬਣ, ਹਵਾ । 2

24. ਹੇਠ ਲਿਖੇ ਅਧੂਰੇ ਅਖਾਣ ਪੂਰੇ ਕਰੋ :

(i) ਤੇਲ ਦੇਖੋ ਤੇਲ ਦੀ ..................

(ii) ਮਨ ਹਰਾਮੀ .................. 2

25. ਹੇਠ ਲਿਖਿਆਂ ਦੇ ਸਮਾਸੀ ਸ਼ਬਦ ਬਣਾਉ :

(i) ਸਾਗਰ ਦਾ ਵਿਗਿਆਨੀ;

(ii) ਤਰਕ ਵਾਲਾ ਸ਼ਾਸ਼ਤਰੀ;

(iii) ਖ਼ਰੀਦ ਤੇ ਫ਼ਰੋਖਤ;

(iv) ਯੁਗ ਦਾ ਪੁਰਸ਼ । 2

26. ਹੇਠ ਲਿਖੇ ਵਾਕਾਂ ਨੂੰ ਸ਼ੁਧ ਕਰਕੇ ਲਿਖੋ :

(i) ਸਤਨਾਮ ਮਿਠਾਈ ਨੂੰ ਖਾਂਦਾ ਹੈ ।

(ii) ਸ਼ੀਲਾ ਦੇ ਹਾਰ, ਘੜੀ ਤੇ ਪੈੱਨ ਨਹੀਂ ਮਿਲਦਾ ।

(iii) ਆਈ ਹੈ ਉਸ ਦੀ ਟੈਲੀਫੋਨ ।

(iv) ਆਚਰਨ ਦੀ ਬੁਨਿਆਦ ਹੈ ਮਿਹਨਤ ਚੰਗੀ ! 4

27. ਹੇਠ ਲਿਖੇ ਪੈਰੇ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ਅਤੇ ਢੁਕਵਾਂ ਸਿਰਲੇਖ ਵੀ ਦਿਉ :

'ਬਹਾਦਰੀ ਦਾ ਜੀਵਨ ਹੀ ਸਭ ਤੋਂ ਵਧੀਆਂ ਜੀਵਨ ਹੁੰਦਾ ਹੈ । ਅਜਿਹੇ ਜੀਵਨ ਦੀ ਸਭ ਤੋਂ ਵੱਡੀ ਪਛਾਣ ਇਹ ਹੈ ਕਿ ਇਹ ਇਸ ਗੱਲ ਦੀ ਚਿੰਤਾ ਨਹੀਂ ਕਰਦਾ ਕਿ ਤਮਾਸ਼ਾ ਦੇਖਣ ਵਾਲੇ ਲੋਕ ਉਸ ਦੇ ਬਾਰੇ ਕੀ ਸੋਚਦੇ ਹੋਣਗੇ । ਲੋਕਾਂ ਦੀ ਪਰਵਾਹ ਕੀਤੇ ਬਿਨਾ ਜਿਊਣ ਵਾਲਾ ਆਦਮੀ ਹੀ ਦੁਨੀਆਂ ਦੀ ਅਸਲੀ ਤਾਕਤ ਹੁੰਦਾ ਹੈ ਅਤੇ ਮਨੁੱਖਤਾ ਨੂੰ ਰੋਸ਼ਨੀ ਵੀ ਅਜਿਹੇ ਆਦਮੀ ਤੋਂ ਹੀ ਮਿਲਦੀ ਹੈ । ਆਲੇ-ਦੁਆਲੇ ਤੋਂ ਡਰ-ਡਰ ਕੇ ਚਲਣਾ ਸਾਧਾਰਨ ਜੀਵ ਦਾ ਕੰਮ ਹੁੰਦਾ ਹੈ । ਕ੍ਰਾਂਤੀ ਕਰਨ ਵਾਲੇ ਬਹਾਦਰ ਲੋਕ ਨਾ ਤਾਂ ਆਪਣੇ ਉਦੇਸ਼ ਦੀ ਤੁਲਨਾ ਕਿਸੇ ਗੁਆਂਢੀ ਦੇ ਉਦੇਸ਼ ਨਾਲ ਕਰਦੇ ਹਨ ਅਤੇ ਨਾ ਹੀ ਆਪਣੀ ਚਾਲ ਨੂੰ ਗੁਆਂਢੀ ਦੀ ਚਾਲ ਦੇਖ ਕੇ ਮੱਧਮ ਕਰਦੇ ਹਨ । 1+3=4

28. 'ਬਹੁਤ ਜਤਨ ਕਰਨ ਉੱਤੇ ਵੀ ਪੱਕ ਚੁੱਕੀਆਂ ਆਦਤਾਂ ਪੂਰੀਆਂ ਬਦਲੀਆਂ ਨਹੀਂ ਜਾ ਸਕਦੀਆਂ' ਇਸ ਸਚਾਈ ਦਾ **100** ਕੁ ਸ਼ਬਦਾਂ ਵਿੱਚ ਵਿਸਥਾਰ ਕਰੋ । 5

29. ਸਤਵੀਂ ਜਮਾਤ ਦੇ ਵਿਦਿਆਰਥੀਆਂ ਦੇ ਹੇਠ ਲਿਖੇ ਪੀਰਡਾਂ ਨੂੰ ਧਿਆਨ ਵਿੱਚ ਰਖਦੇ ਹੋਏ ਛੇ ਦਿਨਾਂ ਦੇ 48 ਪੀਰਡਾਂ ਦੀ ਤਾਲਿਕਾ ਬਣਾਉ ।

ਪੰਜਾਬੀ ਦੇ 7 ਪੀਰਡ, ਗਣਿਤ ਦੇ 8 ਪੀਰਡ, ਅੰਗਰੇਜ਼ੀ ਦੇ 8 ਪੀਰਡ, ਵਿਗਿਆਨ ਦੇ 9 ਪੀਰਡ, ਸਮਾਜਕ ਵਿਗਿਆਨ ਦੇ 8 ਪੀਰਡ, ਯੋਗਾ ਦੇ 2 ਪੀਰਡ, ਪੀ. ਟੀ. ਦੇ 3 ਪੀਰਡ ਅਤੇ ਲਾਇਬਰੇਰੀ ਦੇ ਤਿੰਨ ਪੀਰਡ । 5

30. ਚਿੜੀਆਂ ਇਕਾਂਗੀ ਦੀ ਪਾਤਰ 'ਸਤਨਾਮ ਦੀ ਸੱਸ' ਦੇ ਚਰਿਤਰ ਬਾਰੇ 100 ਕੁ ਸ਼ਬਦਾਂ ਵਿੱਚ ਲਿਖੋ । 5

31. 'ਹਰਨਾਕਸ਼ ਨਹੀਂ ਮਰੇ' ਕਵਿਤਾ ਕਵੀ ਕੀ ਸਿੱਖਿਆ ਦੇਣਾ ਚਾਹੁੰਦਾ ਹੈ ? 100-125 ਸ਼ਬਦਾਂ ਵਿੱਚ ਲਿਖੋ । 5

32. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ ਬਾਰੇ 80-100 ਸ਼ਬਦਾਂ ਵਿੱਚ ਆਪਣੇ ਵਿਚਾਰ ਲਿਖੋ :

(*i*) ਰੇਲਵੇ ਪਲੇਟਫਾਰਮ ਦਾ ਦ੍ਰਿਸ਼ ।

(*ii*) ਪਰ ਉਪਕਾਰ ।

(*iii*) ਮਾਂ ਬੋਲੀ ਦੀ ਮਹੱਤਤਾ ।

(*iv*) ਪ੍ਰਦੂਸ਼ਣ । 4

33. ਆਪਣੇ ਇਲਾਕੇ ਦੇ ਐਸ. ਐਚ. ਓ. ਨੂੰ ਇਕ ਪੱਤਰ ਰਾਹੀਂ ਉਹਨਾਂ ਵਲੋਂ ਕੀਤੇ ਗਏ ਸੁਰੱਖਿਆਂ ਪ੍ਰਬੰਧਾਂ ਲਈ ਪ੍ਰਸ਼ੰਸਾ ਵਿਅੱਕਤ ਕਰੋ ।

**ਜਾਂ**

ਤੁਹਾਡੇ ਮਿੱਤਰ ਨੇ ਤੁਹਾਡੇ ਲਈ ਜਨਮ ਦਿਨ ਦਾ ਤੋਹਫ਼ਾ ਭੇਜਿਆ ਹੈ । ਇਹ ਦੇ ਲਈ ਚਿੱਠੀ ਲਿਖਕੇ ਉਹਦਾ ਧੰਨਵਾਦ ਕਰੋ । 8

34. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇੱਕ** ਵਿਸ਼ੇ ਉੱਤੇ 200 ਕੁ ਸੌ ਸ਼ਬਦਾਂ ਦਾ ਇੱਕ ਭਾਵ-ਪੂਰਤ ਲੇਖ ਲਿਖੋ :

(*i*) ਸਰਬ ਸਾਂਝੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ ।

(*ii*) ਕਿਸਾਨਾਂ ਦਾ ਆਤਮ ਹੱਤਿਆ ਕਰਨ ਵੱਲ ਰੁਝਾਣ ।

(*iii*) ਮੇਰਾ ਆਦਰਸ਼ਕ ਵਿਅਕਤੀ ।

(*iv*) ਮੋਬਾਇਲ ਫੋਨ ਇੱਕ ਲੋੜ ।

(*v*) ਕੇਵਲ ਟੀ. ਵੀ. ਦੀਆਂ ਹਾਨੀਆਂ । 10